# SEMESTER-WISE DISTRIBUTION OF SYLLABUS
# Class-XII
# Academic year 2010-11

# ਸਮੈਸਟਰ ਪ੍ਰਣਾਲੀ ਸੰਬੰਧੀ

ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਲੋਅ ਵਿੱਚ ਦਾਖਲਾ ਸਾਲ 2009 ਤੋਂ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ। ਇਸ ਪ੍ਰਕ੍ਰਿਆ ਨੂੰ ਨਿਰੰਤਰ ਰੱਖਦੇ ਹੋਏ, ਰਾਜ ਦੇ ਸਮੂਹ ਸਕੂਲਾਂ ਵਿੱਚ ਅਕਾਦਮਿਕ ਸਾਲ 2010-11 ਤੋਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਕਰਨ ਲਈ ਬੋਰਡ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੇਠ ਦਰਸਾਏ ਫੈਸਲੇ ਲਏ ਗਏ ਹਨ।

## ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਸਮੈਸਟਰ ਸਿਸਟਮ ਲਾਗੂ ਕਰਨ ਸਬੰਧੀ ਫੈਸਲੇ।

**(ੳ) ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਦਾਖਲਾ ਸਾਲ 2010-11 ਤੋਂ ਸਮੈਸਟਰ ਸਿਸਟਮ ਲਾਗੂ ਕਰਨ ਬਾਰੇ ਫੈਸਲੇ :-**

1. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਅਕਾਦਮਿਕ ਸਾਲ 2010-11 ਤੋਂ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾਵੇ।
2. ਪਹਿਲੇ ਅਤੇ ਦੂਸਰੇ ਸਮੈਸਟਰ ਦਾ ਸਿਲੇਬਸ, ਕੁੱਲ ਸਿਲੇਬਸ ਦਾ ਕ੍ਰਮਵਾਰ 40% ਅਤੇ 60% ਹੋਵੇਗਾ।
3. ਪਹਿਲੇ ਅਤੇ ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਅਬਜੈਕਟਿਵ (ਸੰਖੇਪਾਤਮਿਕ) ਹੋਣ ਦੇ ਨਾਲ ਛੋਟੇ ਉਤਰਾਂ ਵਾਲੇ/ਸਬਜੈਕਟਿਵ (ਵਿਖਿਆਤਮਿਕ) ਵੀ ਹੋਣਗੇ। ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦਾ ਪਹਿਲਾ ਪ੍ਰਸ਼ਨ ਅਬਜੈਕਟਿਵ (ਸੰਖੇਪਾਤਮਿਕ) ਹੋਵੇਗਾ ਜੋ ਸਾਲ ਦੇ ਸਾਰੇ ਸਿਲੇਬਸ ਵਿੱਚੋਂ ਹੋਵੇਗਾ ਅਤੇ ਹਰ ਇੱਕ ਪ੍ਰੀਖਿਆਰਥੀ ਲਈ ਇਸ ਪ੍ਰਸ਼ਨ ਨੂੰ ਹੱਲ ਕਰਨਾ ਲਾਜ਼ਮੀ ਹੋਵੇਗਾ।
4. ਸਾਰੇ ਵਿਸ਼ਿਆਂ ਵਿੱਚੋਂ ਹਰ ਇੱਕ ਸਮੈਸਟਰ ਵਿੱਚ ਲਿਖਤੀ, ਪ੍ਰਯੋਗੀ ਅਤੇ ਸੀ. ਸੀ. ਈ. (ਇੰਨਟਰਨਲ ਅਸੈਸਮੈਂਟ) (ਜਿਨ੍ਹਾਂ ਵਿਸ਼ਿਆਂ ਵਿੱਚ ਹੈ) ਵਿੱਚੋਂ ਅਲੱਗ ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ।
5. ਜਿਨ੍ਹਾਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ ਦੇ ਨਾਲ-ਨਾਲ ਪ੍ਰਯੋਗੀ ਪ੍ਰੀਖਿਆ ਵੀ ਹੈ, ਉਹਨਾਂ ਵਿਸ਼ਿਆਂ ਦਾ ਪ੍ਰਯੋਗੀ ਇਮਤਿਹਾਨ ਦੂਸਰੇ ਸਮੈਸਟਰ ਵਿੱਚ ਲਿਆ ਜਾਵੇਗਾ। ਇਸੇ ਤਰ੍ਹਾਂ ਜਿਨ੍ਹਾਂ ਵਿਸ਼ਿਆਂ ਵਿੱਚ ਲਿਖਤੀ (ਥਿਊਰੀ) ਪੇਪਰ ਨਹੀਂ ਹੈ, ਸਿਰਫ ਪ੍ਰਯੋਗੀ ਪ੍ਰੀਖਿਆ ਹੀ ਹੈ, ਉਹਨਾਂ ਵਿਸ਼ਿਆਂ ਵਿੱਚ ਪਹਿਲੇ ਸਮੈਸਟਰ ਵਿੱਚ

40% ਸਿਲੇਬਸ ਵਿੱਚੋਂ ਪ੍ਰਯੋਗੀ ਪ੍ਰੀਖਿਆ ਲਈ ਜਾਵੇਗੀ ਅਤੇ ਦੂਜੇ ਸਮੈਸਟਰ ਵਿੱਚ ਵੀ 60% ਸਿਲੇਬਸ ਵਿੱਚੋਂ ਪ੍ਰਯੋਗੀ ਪ੍ਰੀਖਿਆ ਲਈ ਜਾਵੇਗੀ। ਇਸੇ ਤਰ੍ਹਾਂ ਜਿਨ੍ਹਾਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ 50 ਅੰਕਾਂ ਦੀ ਹੈ ਅਤੇ ਪ੍ਰਯੋਗੀ ਪ੍ਰੀਖਿਆ ਵੀ 50 ਅੰਕਾਂ ਦੀ ਹੈ, ਉਨ੍ਹਾਂ ਵਿਸ਼ਿਆਂ ਵਿੱਚ ਪਹਿਲੇ ਸਮੈਸਟਰ ਵਿੱਚ ਪੜ੍ਹਾਏ ਜਾਣ ਵਾਲੇ 40% ਸਿਲੇਬਸ ਵਿੱਚੋਂ 50 ਅੰਕਾਂ ਦੀ ਪ੍ਰਯੋਗੀ ਪ੍ਰੀਖਿਆ ਲਈ ਜਾਵੇਗੀ ਅਤੇ ਦੂਸਰੇ ਸਮੈਸਟਰ ਵਿੱਚ ਪੜ੍ਹਾਏ ਜਾਣ ਵਾਲੇ 60% ਸਿਲੇਬਸ ਵਿੱਚੋਂ 50 ਅੰਕਾਂ ਦੀ ਪ੍ਰਯੋਗੀ ਪ੍ਰੀਖਿਆ ਲਈ ਜਾਵੇਗੀ। ਬਾਰ੍ਹਵੀਂ ਸ਼੍ਰੇਣੀ ਵਿੱਚ ਅਲੱਗ-ਅਲੱਗ ਸਟਰੀਮਜ਼/ਵਿਸ਼ਿਆਂ ਦੀ ਬਹੁਤਾਤ ਕਾਰਨ ਪਹਿਲੇ/ਦੂਜੇ ਸਮੈਸਟਰ ਵਿੱਚ ਪ੍ਰਯੋਗੀ ਪ੍ਰੀਖਿਆ ਲੈਣ/ਨਾ ਲੈਣ ਬਾਰੇ ਸਬੰਧਤ ਵਿਸ਼ਾ ਮਾਹਿਰਾਂ ਦੀ ਰਾਏ ਲੈਣ ਉਪਰੰਤ ਅਕਾਦਮਿਕ ਕੌਂਸਲ ਅਤੇ ਬੋਰਡ ਦੀ ਮੀਟਿੰਗ ਵਿੱਚ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੱਧਰ ਤੇ ਯੋਗ ਫੈਸਲਾ ਲਿਆ ਜਾਵੇਗਾ।

ਦਸਵੀਂ ਸ਼੍ਰੇਣੀ ਲਈ ਜਿਹਨਾਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ ਦੇ ਨਾਲ ਨਾਲ ਪ੍ਰਯੋਗੀ ਪ੍ਰੀਖਿਆ ਵੀ ਹੈ ਜਿਵੇਂ ਕਿ ਦਸਵੀਂ ਸ਼੍ਰੇਣੀ ਦੇ ਸਾਇੰਸ ਵਿਸ਼ੇ ਵਿੱਚ, ਦਾ ਇਮਤਿਹਾਨ ਪਹਿਲੇ ਸਮੈਸਟਰ ਵਿੱਚ ਵੀ ਲਿਆ ਜਾਵੇਗਾ।

ਦਸਵੀਂ ਸ਼੍ਰੇਣੀ ਦੇ ਸਰੀਰਕ ਸਿੱਖਿਆ ਦੇ ਵਿਸ਼ੇ ਦੀ ਲਿਖਤੀ ਪ੍ਰੀਖਿਆ 30 ਅੰਕਾਂ ਦੀ ਹੈ ਅਤੇ ਪ੍ਰਯੋਗੀ ਪ੍ਰੀਖਿਆ 70 ਅੰਕਾਂ ਦੀ ਹੈ, ਇਸ ਕਰਕੇ ਇਸ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ ਹਰ ਇੱਕ ਸਮੈਸਟਰ ਵਿੱਚ ਸਕੂਲ ਪੱਧਰ ਤੇ ਲਈ ਜਾਵੇਗੀ।

6. ਸਮੈਸਟਰ ਪ੍ਰਣਾਲੀ ਅਧੀਨ ਪਹਿਲੇ ਸਮੈਸਟਰ ਦਾ ਸਮਾਂ 1 ਅਪ੍ਰੈਲ ਤੋਂ 30 ਸਤੰਬਰ ਤੱਕ ਅਤੇ ਦੂਜੇ ਸਮੈਸਟਰ ਦਾ ਸਮਾਂ 1 ਅਕਤੂਬਰ ਤੋਂ 31 ਮਾਰਚ ਤੱਕ ਹੋਵਗਾ।

   ਸਮੈਸਟਰ ਸਿਸਟਮ ਅਧੀਨ ਛੁੱਟੀਆਂ ਦੀ ਸਮਾਂ ਸਾਰਣੀ ਪਿਛਲੇ ਸਾਲ 2009 ਦੀ ਤਰ੍ਹਾਂ ਹੀ ਹੋਵੇਗੀ ਭਾਵ ਸਾਲ 2010 ਵਿੱਚ ਗਰਮੀਆਂ ਦੀਆਂ ਛੁੱਟੀਆਂ 30 ਮਈ ਤੋਂ 7 ਜੁਲਾਈ ਤੱਕ (39 ਦਿਨ) ਹੋਣਗੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ 25 ਦਸੰਬਰ ਤੋਂ 31 ਦਸੰਬਰ ਤੱਕ (7 ਦਿਨ) ਹੋਣਗੀਆਂ। ਸਕੂਲਾਂ ਵਿੱਚ ਛੁੱਟੀਆਂ ਦੀ ਸਮਾਂ ਸਾਰਣੀ ਬਾਰੇ ਇਸ ਫੈਸਲੇ ਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਡੀ. ਪੀ. ਆਈ. (ਸੈਕੰਡਰੀ) ਪੰਜਾਬ ਨੂੰ ਲਿਖ ਦਿੱਤਾ ਜਾਵੇਗਾ।

7. 10ਵੀਂ ਅਤੇ 12ਵੀਂ ਸ਼੍ਰੇਣੀਆਂ ਵਿੱਚ ਪੁਰਾਣੇ ਸਿਸਟਮ ਦੀ ਤਰ੍ਹਾਂ ਹੀ ਸਮੈਸਟਰ ਸਿਸਟਮ ਵਿੱਚ ਵੀ ਰੀ-ਅਪੀਅਰ ਦਿੱਤੀ ਜਾਵੇਗੀ ਅਤੇ ਰੀ-ਅਪੀਅਰ ਵਾਲੇ ਵਿਸ਼ਿਆਂ ਦੀ ਪ੍ਰੀਖਿਆ ਹਰ ਇੱਕ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਹੀ ਲਈ ਜਾਵੇਗੀ ਅਤੇ ਰੀ-ਅਪੀਅਰ ਵਾਲੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲੇ ਸਮੈਸਟਰਾਂ ਵਿੱਚ ਦੋ ਮੌਕੇ ਦਿੱਤੇ ਜਾਣਗੇ।

8. ਸਮੈਸਟਰ ਸਿਸਟਮ ਅਧੀਨ ਵਿਦਿਆਰਥੀ ਰੈਗੂਲਰ ਅਤੇ ਓਪਨ ਸਕੂਲ ਸਿਸਟਮ ਰਾਹੀਂ ਇਮਤਿਹਾਨ ਦੇਣਗੇ ਅਤੇ ਬਾਕੀ ਵਿਦਿਆਰਥੀ ਵੀ ਸਮੈਸਟਰ ਪ੍ਰਣਾਲੀ ਅਧੀਨ ਹੀ ਪ੍ਰੀਖਿਆ ਦੇ ਸਕਣਗੇ।

## (ਅ) ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਇਨਟਰਨਲ ਅਸੈਸਮੈਂਟ ਲਾਗੂ ਕਰਨ ਬਾਰੇ ਫੈਸਲੇ :-

10ਵੀਂ ਅਤੇ 12ਵੀਂ ਸ਼੍ਰੇਣੀਆਂ ਵਿੱਚ 30% ਇਨਟਰਨਲ ਅਸੈਸਮੈਂਟ (ਸੀ. ਸੀ. ਈ.) ਹੋਵੇਗੀ ਜੋ ਗੁਣਾਤਮਿਕ ਢੰਗ ਨਾਲ ਦਿੱਤੀ ਜਾਵੇਗੀ ਅਤੇ ਇਸ ਕਰਾਇਟੇਰੀਏ/ਪਾਲਿਸੀ ਸਬੰਧੀ ਇੱਕ ਸਬ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇਨਟਰਨਲ ਅਸੈਸਮੈਂਟ ਦੇਣ ਦਾ ਕਰਾਈਟੇਰੀਆ ਨਿਰਧਾਰਿਤ ਕਰੇਗੀ। ਕਰਾਈਟੇਰੀਏ ਅਨੁਸਾਰ ਸਕੂਲ ਮੁੱਖੀ, ਸ਼੍ਰੇਣੀ ਇੰਚਾਰਜ ਅਤੇ ਸਬੰਧਤ ਵਿਸ਼ਾ ਅਧਿਆਪਕ ਇੱਕ ਟੀਮ ਵਜੋਂ ਦਿੰਦੇ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਵੀ ਧਿਆਨ ਵਿੱਚ ਰੱਖਣਗੇ :-

1. ਦਸਵੀ ਸ਼੍ਰੇਣੀ ਦੇ ਸਾਇੰਸ ਵਿਸ਼ੇ ਵਿੱਚ ਲਿਖਤੀ ਪ੍ਰੀਖਿਆ ਦੇ ਨਾਲ ਨਾਲ ਪ੍ਰਯੋਗੀ ਪ੍ਰੀਖਿਆ ਵੀ ਹੈ ਜੋ ਕਿ ਹਰ ਇਕ ਸਮੈਸਟਰ ਵਿੱਚ ਲਈ ਜਾਵੇਗੀ ਅਤੇ ਪ੍ਰਯੋਗੀ ਪ੍ਰੀਖਿਆ ਵਿੱਚ ਇਨਟਰਨਲ ਅਸੈਸਮੈਂਟ ਨਹੀਂ ਦਿੱਤੀ ਜਾਵੇਗੀ।

2. 10ਵੀਂ ਸ਼੍ਰੇਣੀ ਦੇ ਪੰਜਾਬੀ ਵਿਸ਼ੇ ਵਿੱਚ 2 ਪੇਪਰ ਹਨ। ਇਸ ਵਿਸ਼ੇ ਦਾ ਹਰ ਇੱਕ ਪੇਪਰ 75 ਅੰਕਾਂ ਦਾ ਹੈ। ਇਸ ਵਿਸ਼ੇ ਦਾ ਹਰ ਇੱਕ ਸਮੈਸਟਰ ਵਿੱਚ ਹਰ ਲਿਖਤੀ ਪੇਪਰ 50 ਅੰਕਾਂ ਦਾ ਹੋਵੇਗਾ ਅਤੇ ਹਰ ਇੱਕ ਪੇਪਰ ਵਿੱਚ ਇਨਟਰਨਲ ਅਸੈਸਮੈਂਟ 25 ਅੰਕਾਂ ਦੀ ਹੋਵੇਗੀ।

3. 12ਵੀਂ ਸ਼੍ਰੇਣੀ ਵਿੱਚ ਕੁਝ ਅਜਿਹੇ ਵਿਸ਼ੇ ਵੀ ਹਨ ਜਿਨ੍ਹਾਂ ਵਿੱਚ ਲਿਖਤੀ ਪ੍ਰੀਖਿਆ ਨਹੀਂ ਹੈ ਪ੍ਰੰਤੂ ਪ੍ਰਯੋਗੀ ਪ੍ਰੀਖਿਆ ਹੀ ਹੈ ਸੋ ਅਜਿਹੇ ਵਿਸ਼ਿਆਂ ਵਿੱਚ ਕੋਈ ਇਨਟਰਨਲ ਅਸੈਸਮੈਂਟ ਨਹੀਂ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜਿਨ੍ਹਾਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ 50 ਅੰਕਾਂ ਦੀ ਹੈ ਅਤੇ ਪ੍ਰਯੋਗੀ ਪ੍ਰੀਖਿਆ ਵੀ 50 ਅੰਕਾਂ ਦੀ ਹੈ, ਇਹਨਾਂ ਵਿਸ਼ਿਆਂ ਵਿੱਚ ਸਿਰਫ ਲਿਖਤੀ ਪ੍ਰੀਖਿਆ ਵਿੱਚ ਹੀ 15 ਅੰਕਾਂ ਦੀ ਇਨਟਰਨਲ ਅਸੈਸਮੈਂਟ ਦਿੱਤੀ ਜਾਵੇਗੀ। ਪ੍ਰਯੋਗੀ ਪ੍ਰੀਖਿਆ ਵਿੱਚ ਕੋਈ ਇਨਟਰਨਲ ਅਸੈਸਮੈਂਟ ਨਹੀਂ ਦਿੱਤੀ ਜਾਵੇਗੀ।

4. 12ਵੀਂ ਸ਼੍ਰੇਣੀ ਵਿੱਚ ਜਨਰਲ ਪੰਜਾਬੀ ਵਿਸ਼ੇ ਦੀ ਹਰ ਇੱਕ ਸਮੈਸਟਰ ਵਿੱਚ ਲਿਖਤੀ ਪ੍ਰੀਖਿਆ 70 ਅੰਕਾਂ ਦੀ ਹੋਵੇਗੀ ਅਤੇ ਹਰ ਇੱਕ ਸਮੈਸਟਰ ਵਿੱਚ ਇਨਟਰਨਲ ਅਸੈਸਮੈਂਟ 30 ਅੰਕਾਂ ਦੀ ਹੋਵੇਗੀ। ਇਸੇ ਤਰ੍ਹਾਂ ਜਨਰਲ ਅੰਗਰੇਜ਼ੀ ਵਿੱਚ ਵੀ ਹਰ ਇੱਕ ਸਮੈਸਟਰ ਵਿੱਚ ਲਿਖਤੀ ਪ੍ਰੀਖਿਆ 70 ਅੰਕਾਂ ਦੀ ਹੋਵੇਗੀ ਅਤੇ ਹਰ ਇੱਕ ਸਮੈਸਟਰ ਵਿੱਚ ਇਨਟਰਨਲ ਅਸੈਸਮੈਂਟ 30 ਅੰਕਾਂ ਦੀ ਹੋਵਗੀ। ਉਪਰੋਕਤ ਦੋ ਵਿਸ਼ਿਆਂ ਤੋਂ ਬਿਨ੍ਹਾਂ ਸਾਇੰਸ/ਹਿਊਮੈਨਟੀਜ਼ ਸਟਰੀਮ ਵਿੱਚ ਹਰ ਇੱਕ ਵਿਦਿਆਰਥੀ ਤਿੰਨ ਚੋਣਵੇਂ ਵਿਸ਼ੇ ਪੜ੍ਹਦਾ ਹੈ। ਵਿਦਿਆਰਥੀ ਦੁਆਰਾ ਪੜ੍ਹੇ ਜਾ ਰਹੇ ਹਰ ਇੱਕ ਚੋਣਵੇਂ ਵਿਸ਼ੇ ਵਿੱਚ ਦੋਵੇਂ ਸਮੈਸਟਰਾਂ ਦੀ ਇਨਟਰਨਲ ਅਸੈਸਮੈਂਟ ਸਿਰਫ 30 ਅੰਕਾਂ ਦੀ ਹੀ ਹੋਵੇਗੀ। ਵਿਦਿਆਰਥੀ ਵੱਲੋਂ ਪੜ੍ਹੇ ਜਾਂਦੇ ਹਰ ਇੱਕ ਚੋਣਵੇਂ ਵਿਸ਼ੇ ਵਿੱਚ ਪਹਿਲੇ ਸਮੈਸਟਰ ਦੀ ਲਿਖਤੀ ਪ੍ਰੀਖਿਆ 70 ਅੰਕਾਂ ਦੀ ਹੋਵੇਗੀ ਅਤੇ ਦੂਸਰੇ ਸਮੈਸਟਰ ਵਿੱਚ ਜਿਨ੍ਹਾਂ ਚੋਣਵੇਂ ਵਿਸ਼ਿਆਂ ਵਿੱਚ ਪ੍ਰਯੋਗੀ ਪ੍ਰੀਖਿਆ ਨਹੀਂ ਹੈ, ਉਹਨਾਂ ਚੋਣਵੇਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ 100 ਅੰਕਾਂ ਦੀ ਹੋਵੇਗੀ ਅਤੇ ਜਿਨ੍ਹਾਂ ਚੋਣਵੇਂ ਵਿਸ਼ਿਆਂ (ਜਿਵੇਂ ਕਿ ਫਿਜਿਕਸ, ਕੈਮਿਸਟਰੀ, ਬਾਇਲੋਜੀ ਅਤੇ ਜੋਗਰਫੀ ਆਦਿ) ਵਿੱਚ ਪ੍ਰਯੋਗੀ ਪ੍ਰੀਖਿਆ ਹੈ, ਉਨ੍ਹਾਂ ਚੋਣਵੇਂ ਵਿਸ਼ਿਆਂ ਵਿੱਚ ਲਿਖਤੀ ਪ੍ਰੀਖਿਆ 70 ਅੰਕਾਂ ਦੀ ਹੋਵੇਗੀ ਅਤੇ ਪ੍ਰਯੋਗੀ ਪ੍ਰੀਖਿਆ 30 ਅੰਕਾਂ ਦੀ ਹੋਵੇਗੀ ਅਤੇ ਇਹ ਪ੍ਰਯੋਗੀ ਪ੍ਰੀਖਿਆ ਦੂਸਰੇ ਸਮੈਸਟਰ ਵਿੱਚ ਹੀ ਲਈ ਜਾਵੇਗੀ ਅਤੇ ਇਹਨਾਂ ਵਿਸ਼ਿਆਂ ਵਿੱਚ ਪਹਿਲੇ ਸਮੈਸਟਰ ਵਿੱਚ ਕੋਈ ਪ੍ਰਯੋਗੀ ਪ੍ਰੀਖਿਆ ਨਹੀਂ ਹੋਵੇਗੀ।

12ਵੀਂ ਸ਼੍ਰੇਣੀ ਵਿੱਚ ਅਲੱਗ-ਅਲੱਗ ਸਟਰੀਮਜ਼/ਵਿਸ਼ਿਆਂ (ਜਿਵੇਂ ਕਿ ਵੋਕੇਸ਼ਨਲ/ਕਮੱਰਸ ਸਟਰੀਮ) ਦੀ ਬਹੁਤਾਤ ਕਾਰਨ ਇੰਟਰਨਲ ਅਸੈਸਮੈਂਟ ਵਿੱਚ 30% ਤੋਂ ਵਾਧ-ਘਾਟ ਕਰਨ ਬਾਰੇ ਵਿਸ਼ਾ ਮਾਹਿਰਾਂ ਦੀ ਰਾਏ ਲੈਣ ਉਪਰੰਤ ਅਕਾਦਮਿਕ ਕੌਂਸਲ ਅਤੇ ਬੋਰਡ ਦੀ ਮੀਟਿੰਗ ਵਿੱਚ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੱਧਰ ਤੇ ਅੰਤਿਮ ਫੈਸਲਾ ਲਿਆ ਜਾਵੇਗਾ।

## (ੲ) ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਲਾਜ਼ਮੀ ਵਿਸ਼ੇ ਪੜ੍ਹਨ ਬਾਰੇ ਅਤੇ ਪਾਸ ਫਾਰਮੂਲੇ ਬਾਰੇ ਫੈਸਲੇ :-

1. ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਸੈਸ਼ਨ 2010-11 ਤੋਂ ਸਕੂਲ ਪੱਧਰ ਤੇ ਲੈ ਲਈ ਜਾਵੇ।
2. ਅੱਠਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਪੜ੍ਹਾਈ ਸੰਬੰਧੀ ਸਕੀਮ/ਪੜ੍ਹਨ ਵਾਲੇ ਵਿਸ਼ਿਆਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਪ੍ਰੰਤੂ ਦਸਵੀਂ ਸ਼੍ਰੇਣੀ ਦੀ ਪੜ੍ਹਾਈ ਸੰਬੰਧੀ ਸਕੀਮ/ਪੜ੍ਹਨ ਵਾਲੇ ਵਿਸ਼ਿਆਂ/ਪਾਸ ਫਾਰਮੂਲੇ ਵਿੱਚ ਤਬਦੀਲੀ ਹੇਠ ਲਿਖੇ ਅਨੁਸਾਰ ਹੋਵੇਗੀ।

   **ਪਹਿਲਾ ਗਰੁੱਪ** :- ਪੰਜਾਬੀ, ਅੰਗਰੇਜ਼ੀ,ਹਿੰਦੀ, ਗਣਿਤ, ਸਾਇੰਸ ਅਤੇ ਸਮਾਜਿਕ ਸਿੱਖਿਆ ਦੇ ਵਿਸ਼ੇ ਹਰ ਵਿਦਿਆਰਥੀ ਲਈ ਪੜ੍ਹਨੇ ਜ਼ਰੂਰੀ ਹੋਣਗੇ ਅਤੇ ਹਰ ਵਿਸ਼ੇ ਵਿੱਚੋਂ ਪਾਸ ਹੋਣਾ ਵੀ ਜ਼ਰੂਰੀ ਹੋਵੇਗਾ।

   **ਦੂਸਰਾ ਗਰੁੱਪ** :- ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਇੱਕ ਚੋਣਵਾ ਵਿਸ਼ਾ, ਇਹ ਤਿੰਨ ਵਿਸ਼ੇ ਹਰ ਇੱਕ ਵਿਦਿਆਰਥੀ ਲਈ ਪੜ੍ਹਨੇ ਜ਼ਰੂਰੀ ਹੋਣਗੇ ਅਤੇ ਹਰ ਇੱਕ ਵਿਸ਼ੇ ਵਿੱਚ ਪਾਸ ਹੋਣਾ ਵੀ ਜ਼ਰੂਰੀ ਹੋਵੇਗਾ। ਇਹਨਾਂ ਵਿਸ਼ਿਆਂ ਦੀ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਪ੍ਰੰਤੂ ਇਹਨਾਂ ਵਿਸ਼ਿਆਂ ਦੇ ਪ੍ਰਸ਼ਨ-ਪੱਤਰ ਅਤੇ ਡੇਟ ਸ਼ੀਟ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੀ ਜਾਵੇਗੀ। ਇਹਨਾਂ ਵਿਸ਼ਿਆਂ ਵਿੱਚ ਗਰੇਡਿੰਗ ਦੇਣ ਸਬੰਧੀ ਜੋ ਸਬ ਕਮੇਟੀ ਬਣਾਈ ਗਈ ਹੈ, ਵੱਲੋਂ ਲਏ ਗਏ ਫੈਸਲੇ ਦੀ ਸਰਕਾਰ ਤੋਂ ਪ੍ਰਵਾਨਗੀ ਲੈਣ ਉਪਰੰਤ ਗਰੇਡਿੰਗ ਦਿੱਤੀ ਜਾਵੇਗੀ।

   | | | |
   |---|---|---|
   | 1) | 75% ਅਤੇ ਇਸ ਤੋਂ ਉਪਰ | ਏ ਗਰੇਡ (ਉੱਤਮ) |
   | 2) | 60% ਅਤੇ ਇਸ ਤੋਂ ਉਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
   | 3) | 45% ਅਤੇ ਇਸ ਤੋਂ ਉਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
   | 4) | 33% ਅਤੇ ਇਸ ਤੋਂ ਉਪਰ ਪਰੰਤੂ 40% ਤੋਂ ਘੱਟ | ਡੀ ਗਰੇਡ (ਔਸਤ) |
   | 5) | 33% ਤੋਂ ਹੇਠਾਂ | ਈ ਗਰੇਡ (ਅਸੰਤੋਸ਼ਜਨਕ) |

3. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਬੋਰਡ ਦੁਆਰਾ ਲਈ ਜਾਵੇਗੀ, ਸਿਵਾਏ ਮੈਟ੍ਰਿਕ ਸ਼੍ਰੇਣੀ ਦੇ ਦੂਸਰੇ ਗਰੁੱਪ ਵਿੱਚ ਦਰਸਾਏ 3 ਵਿਸ਼ੇ ਭਾਵ ਸਿਹਤ ਤੇ ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ ਅਤੇ ਇੱਕ ਚੋਣਵਾਂ ਵਿਸ਼ਾ ( ਕੋਈ ਇੱਕ ਵਿਸ਼ਾ) ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਕੰਪਿਊਟਰ ਸਾਇੰਸ ਅਤੇ ਵਾਤਾਵਰਣ ਸਿੱਖਿਆ। ਇਹਨਾਂ ਵਿਸ਼ਿਆਂ ਦੀ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਪ੍ਰਸ਼ਨ-ਪੱਤਰ ਤੇ ਡੇਟ ਸ਼ੀਟ ਬੋਰਡ ਵੱਲੋਂ ਭੇਜੀ ਜਾਵੇਗੀ ਅਤੇ ਇਹਨਾਂ ਵਿਸ਼ਿਆਂ ਵਿੱਚ ਵੀ ਫ਼ੈਸਲਾ ਨੰ: 2 ਵਿੱਚ ਦਰਸਾਈ ਗਈ

ਗਰੇਡਿੰਗ ਅਨੁਸਾਰ ਹੀ ਗਰੇਡਿੰਗ ਦਿੱਤੀ ਜਾਵੇਗੀ। ਹਰ ਇੱਕ ਸਕੂਲ ਇਹਨਾਂ ਵਿਸ਼ਿਆਂ ਵਿੱਚ ਪ੍ਰੀਖਿਆਰਥੀ ਵੱਲੋਂ ਪ੍ਰਾਪਤ ਕੀਤੇ ਗਏ ਗ੍ਰੇਡਜ਼, ਪੰਜਾਬ ਸਕੂਲ ਸਿੱਖਿਆ ਬੋਰਡ ਨੰ ਭੇਜੇਗਾ ਜੋ ਕਿ ਪ੍ਰੀਖਿਆਰਥੀ ਦੇ ਨਤੀਜਾ ਕਾਰਡ ਤੇ ਦਰਸਾਏ ਜਾਣਗੇ।

4. 10ਵੀਂ ਅਤੇ 12ਵੀਂ ਸ਼੍ਰੇਣੀ ਵਿੱਚ ਪਾਸ ਹੋਣ ਲਈ ਹਰ ਇੱਕ ਵਿਸ਼ੇ ਵਿੱਚ ਪਾਸ ਹੋਣਾ ਜ਼ਰੂਰੀ ਹੋਵੇਗਾ, ਵਿਸ਼ੇ ਵਿੱਚ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਉਸ ਵਿਸ਼ੇ ਵਿੱਚ ਪਾਸ ਘੋਸ਼ਿਤ ਕੀਤਾ ਜਾਵੇਗਾ। ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਅਲੱਗ-ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ। ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਲਿਖਤੀ, ਪ੍ਰਯੋਗੀ ਅਤੇ ਇਨਟਰਨਲ ਅਸੈਸਮੈਂਟ ਵਿੱਚੋਂ ਅਲੱਗ-ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ ਅਤੇ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਯੋਗ ਹੋਵੇਗਾ। ਜੇਕਰ ਪ੍ਰੀਖਿਆਰਥੀ ਸਕੂਲ ਪੱਧਰ ਤੇ ਲਈ ਗਈ ਪ੍ਰੀਖਿਆ ਵਾਲੇ ਕਿਸੇ ਵੀ ਵਿਸ਼ੇ ਵਿੱਚੋਂ ਫ਼ੇਲ ਹੋ ਜਾਂਦਾ ਹੈ ਤਾਂ ਉਸਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਦਾ ਨਤੀਜਾ 2 ਸਾਲ ਲਈ ਰੋਕ ਲਿਆ ਜਾਵੇਗਾ ਅਤੇ ਉਸ ਨੂੰ ਇਸ ਸਮੇ ਦੌਰਾਨ ਹੀ ਇਨ੍ਹਾਂ ਵਿਸ਼ਿਆਂ ਵਿਚ ਪਾਸ ਹੋਣਾ ਜ਼ਰੂਰੀ ਹੋਵੇਗਾ। ਦਸਵੀਂ ਸ਼੍ਰੇਣੀ ਲਈ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਫੇਲ੍ਹ ਵਿਦਿਆਰਥੀ ਨੂੰ ਰੀ-ਅਪੀਅਰ ਦਿੱਤੀ ਜਾਵੇਗੀ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਇੱਕ ਵਿਸ਼ੇ ਵਿੱਚੋਂ ਫੇਲ੍ਹ ਵਿਦਿਆਰਥੀ ਨੂੰ ਰੀ-ਅਪੀਅਰ ਦਿੱਤੀ ਜਾਵੇਗੀ। ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਆਈ ਰੀ-ਅਪੀਅਰ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਹਰ ਇੱਕ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਹੀ ਲਈ ਜਾਵੇਗੀ। ਰੀ-ਅਪੀਅਰ ਦੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲੇ ਸਮੈਸਟਰਾਂ ਵਿਚ ਦੋ ਮੌਕੇ ਦਿੱਤੇ ਜਾਣਗੇ।

5. ਜਿਨ੍ਹਾਂ ਵਿਦਿਆਰਥੀਆਂ ਦੀ ਦਸਵੀਂ ਵਿੱਚ ਰੀ-ਅਪੀਅਰ ਆਈ ਹੈ, ਅਜਿਹੇ ਵਿਦਿਆਰਥੀਆਂ ਨੂੰ 11ਵੀਂ ਅਤੇ 12ਵੀਂ ਵਿੱਚ ਆਰਜ਼ੀ (provisional) ਦਾਖਲਾ ਦਿੱਤਾ ਜਾਵੇਗਾ ਅਤੇ ਜਿਨ੍ਹਾਂ ਨੇ ਗਿਆਰ੍ਹਵੀਂ ਸ਼੍ਰੇਣੀ ਆਰਜ਼ੀ ਤੌਰ ਤੇ ਪਾਸ ਕਰ ਲਈ ਹੈ, ਉਨ੍ਹਾਂ ਦਾ ਦਸਵੀਂ ਸ਼੍ਰੇਣੀ ਦਾ ਰੀ-ਅਪੀਅਰ ਵਿਸ਼ੇ ਪਾਸ ਕਰਨ ਉਪਰੰਤ ਹੀ ਬਾਰ੍ਹਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

6. ਦਸਵੀਂ ਦਾ ਜਿਹੜਾ ਪ੍ਰੀਖਿਆਰਥੀ ਪਹਿਲੇ ਗਰੁੱਪ ਵਿੱਚੋਂ ਦੋ ਤੋਂ ਵੱਧ ਵਿਸ਼ਿਆਂ ਵਿੱਚੋਂ ਜਾਂ ਦੂਸਰੇ ਗਰੁੱਪ ਵਿੱਚੋਂ ਦੋ ਤੋਂ ਵੱਧ ਵਿਸ਼ਿਆਂ ਵਿੱਚੋਂ ਫੇਲ੍ਹ ਹੁੰਦਾ ਹੈ, ਉਸ ਪ੍ਰੀਖਿਆਰਥੀ ਨੂੰ ਉਸ ਸਮੈਸਟਰ ਵਿੱਚੋਂ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ ਅਤੇ ਉਹ ਉਸੇ ਸਮੈਸਟਰ ਦਾ ਇਮਤਿਹਾਨ ਪ੍ਰਾਈਵੇਟ ਤੌਰ ਤੇ ਦੇ ਸਕੇਗਾ। 12ਵੀਂ ਦਾ ਜਿਹੜਾ ਪ੍ਰੀਖਿਆਰਥੀ ਇੱਕ ਤੋਂ ਵੱਧ ਵਿਸ਼ਿਆਂ ਵਿੱਚੋਂ ਫੇਲ੍ਹ ਹੁੰਦਾ ਹੈ, ਉਸ ਪ੍ਰੀਖਿਆਰਥੀ ਨੂੰ ਉਸ ਸਮੈਸਟਰ ਵਿੱਚੋਂ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ ਅਤੇ ਉਹ ਉਸੇ ਸਮੈਸਟਰ ਦਾ ਇਮਤਿਹਾਨ ਪ੍ਰਾਈਵੇਟ ਤੌਰ ਤੇ ਦੇ ਸਕੇਗਾ।

   ਜਿਹੜਾ ਪ੍ਰੀਖਿਆਰਥੀ ਦਸਵੀਂ ਦੇ ਪਹਿਲੇ ਸਮੈਸਟਰ ਵਿੱਚ ਫੇਲ੍ਹ ਹੁੰਦਾ ਹੈ, ਪਰ ਉਸੇ ਸ਼੍ਰੇਣੀ ਦੇ ਦੂਸਰੇ ਸਮੈਸਟਰ ਵਿੱਚ ਪਾਸ ਹੋ ਜਾਂਦਾ ਹੈ ਤਾਂ ਅਜਿਹੇ ਪ੍ਰੀਖਿਆਰਥੀ ਨੂੰ ਅਗਲੀ ਸ਼੍ਰੇਣੀ ਵਿੱਚ ਆਰਜ਼ੀ ਤੌਰ ਤੇ (Provisional) ਦਾਖਲਾ ਦਿੱਤਾ ਜਾਵੇਗਾ ਅਤੇ ਪਹਿਲੇ ਸਮੈਸਟਰ ਵਿੱਚੋਂ ਫੇਲ੍ਹ ਪ੍ਰੀਖਿਆਰਥੀਆਂ ਦੀ ਪ੍ਰੀਖਿਆ, ਹਰ ਇੱਕ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਲਈ ਜਾਵੇ ਅਤੇ ਜੇਕਰ ਇਹ ਪ੍ਰੀਖਿਆਰਥੀ ਨਿਰਧਾਰਿਤ ਦੋ ਮੌਕਿਆਂ ਵਿੱਚ ਦਿੱਤੀ ਪ੍ਰੀਖਿਆ ਵਿੱਚੋਂ ਫੇਲ੍ਹ ਹੁੰਦਾ ਹੈ ਤਾਂ ਉਸ ਦਾ ਅਗਲੀ ਸ਼੍ਰੇਣੀ ਵਾਲਾ ਦਾਖਲਾ ਰੱਦ ਕੀਤਾ ਜਾਵੇਗਾ। ਇਸੇ ਤਰ੍ਹਾਂ ਦੂਸਰੇ ਸਮੈਸਟਰ ਵਿੱਚ ਫੇਲ੍ਹ ਹੋਏ ਪ੍ਰੀਖਿਆਰਥੀਆਂ ਤੇ ਵੀ ਇਹੀ

ਸਕੀਮ ਲਾਗੂ ਹੋਵੇਗੀ। ਜਿਹੜਾ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਦੇ ਕਿਸੇ ਵੀ ਸਮੈਸਟਰ ਵਿੱਚ ਫੇਲ੍ਹ ਹੁੰਦਾ ਹੈ, ਦੀ ਪ੍ਰੀਖਿਆ ਹਰ ਇੱਕ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਲੈ ਲਈ ਜਾਵੇਗੀ।

7. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਅਤੇ 12ਵੀਂ ਸ਼੍ਰੇਣੀ ਦੀ ਪ੍ਰੀਖਿਆ ਦੇ ਹਰ ਇੱਕ ਪ੍ਰੀਖਿਆਰਥੀ ਦੇ ਨਤੀਜਾ ਕਾਰਡ ਤੇ ਹਰ ਇੱਕ ਵਿਸ਼ੇ ਵਿੱਚੋਂ ਪ੍ਰਾਪਤ ਅੰਕਾਂ ਸਮੇਤ ਕੁੱਲ ਅੰਕਾਂ ਦੇ ਨਾਲ ਨਾਲ ਫੈਸਲਾ ਨੰ: 2 ਵਿੱਚ ਦਰਸਾਏ ਅਨੁਸਾਰ ਗ੍ਰੇਡ ਵੀ ਦਰਸਾਏ ਜਾਣਗੇ। ਇਹ ਗਰੇਡਿੰਗ ਪ੍ਰੀਖਿਆਰਥੀ ਦੇ ਲਿਖਤੀ ਪੇਪਰ ਵਿੱਚੋਂ ਪ੍ਰਾਪਤ ਅੰਕ, ਪ੍ਰਯੋਗੀ ਪ੍ਰੀਖਿਆ (ਜਿਸ ਵਿਸ਼ੇ ਵਿੱਚ ਹੋਵੇ) ਵਿੱਚੋਂ ਪ੍ਰਾਪਤ ਅੰਕ ਅਤੇ ਇਨਟਰਨਲ ਅਸੈਸਮੈਂਟ ਵਿੱਚੋਂ ਪ੍ਰਾਪਤ ਅੰਕਾਂ ਨੂੰ ਜੋੜ ਕੇ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸਕੂਲ ਪੱਧਰ ਤੇ ਲਈ ਪ੍ਰੀਖਿਆ ਦੇ ਹਰ ਇੱਕ ਪ੍ਰੀਖਿਆਰਥੀ ਦੇ ਨਤੀਜਾ ਕਾਰਡ ਤੇ ਹਰ ਇੱਕ ਵਿਸ਼ੇ ਵਿਚ ਪ੍ਰਾਪਤ ਗ੍ਰੇਡ ਵੀ ਦਰਸਾਏ ਜਾਣਗੇ।

8. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਅਤੇ 12ਵੀਂ ਸ਼੍ਰੇਣੀ ਦੀ ਪ੍ਰੀਖਿਆ ਦੇ ਹਰ ਇੱਕ ਪ੍ਰੀਖਿਆਰਥੀ ਦੇ ਨਤੀਜਾ ਕਾਰਡ ਤੇ ਸਾਰੇ ਵਿਸ਼ਿਆਂ ਵਿੱਚੋਂ ਪ੍ਰਾਪਤ ਅੰਕਾਂ ਦੇ ਕੁੱਲ ਜੋੜ ਦੇ ਨਾਲ ਫੈਸਲਾ ਨੰ: 2 ਵਿੱਚ ਦਰਸਾਏ ਅਨੁਸਾਰ ਗ੍ਰੇਡ ਵੀ ਦਰਸਾਇਆ ਜਾਵੇਗਾ।

**ਨੋਟ : 1.** ਗਰੇਡਿੰਗ ਦੇ ਕਰਾਈਟੇਰੀਆ ਵਿੱਚ ਸੋਧ ਕਰਨ ਸੰਬੰਧੀ ਵਿਚਾਰ ਜਾਰੀ ਹੈ, ਜੇਕਰ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਸੂਚਨਾ ਖੇਤਰ ਵਿੱਚ ਗਸ਼ਤੀ ਕੀਤੀ ਜਾਵੇਗੀ।

2. ਸਰਕਾਰ ਦੇ ਫੈਸਲੇ ਦੀ ਲੋਅ ਵਿੱਚ ਹਿੰਦੀ ਵਿਸ਼ੇ ਨੂੰ ਮੁੜ ਲਾਜ਼ਮੀ ਵਿਸ਼ੇ ਵਜੋਂ ਰੱਖਣ ਦਾ ਫੈਸਲਾ ਲਿਆ ਗਿਆ ਹੈ। ਹਿੰਦੇ ਵਿਸ਼ੇ ਦੀ ਅੰਕ ਵੰਡ ਪੜ੍ਹਾਈ ਸਕੀਮ ਅਧੀਨ ਲਾਜ਼ਮੀ ਵਿਸ਼ਿਆਂ ਦੀ ਤਰ੍ਹਾਂ ਹੀ ਹੋਵੇਗੀ। ਹਿੰਦੀ ਵਿਸ਼ੇ ਦੀ ਲੋੜੀਂਦੀ ਅੰਕ ਵੰਡ ਕਰਕੇ ਖੇਤਰ ਵਿੱਚ ਗਸ਼ਤੀ ਕੀਤੀ ਜਾਵੇਗੀ ਅਤੇ ਸੂਚਨਾ ਬੋਰਡ ਦੀ ਵੈਬਸਾਈਟ (www.pseb.ac.in) ਤੇ ਵੀ ਉਪਲੱਬਧ ਕੀਤੀ ਜਾਵੇਗੀ।

3. ਚੋਣਵੇ ਵਿਸ਼ੇ ਵਜੋਂ ਰਾਜਸੀ ਭਾਸ਼ਾ ਲੈਣ ਦਾ ਉਪਬੰਧ ਵਾਪਿਸ ਲਿਆ ਜਾਂਦਾ ਹੈ।

4. ਬਾਰ੍ਹਵੀਂ ਸ਼੍ਰੇਣੀ ਦੀ ਪੜ੍ਹਾਈ ਸਕੀਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ। ਵਿਸ਼ਾ ਵਸਤੂ ਸੰਬੰਧੀ, ਵਿਸਥਾਰ ਵਿੱਚ ਜਾਣਕਾਰੀ ਲੈਣ ਲਈ ਬੋਰਡ ਵੱਲੋਂ ਪ੍ਰਕਾਸ਼ਿਤ ਸੀਨੀਅਰ ਸੈਕੰਡਰੀ ਪ੍ਰੀਖਿਆ (ਬਾਰ੍ਹਵੀਂ ਸ਼੍ਰੇਣੀ) ਦਾ ਪਾਠ-ਕ੍ਰਮ ਵੇਖਿਆ ਜਾਵੇ।

# ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ
# ਨਿਰੰਤਰ ਸਰਵਪੱਖੀ ਮੁਲਾਂਕਣ (ਸੀ.ਸੀ.ਈ.) ਦਾ ਮੌਡਿਊਲ

ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਲੋਅ ਵਿੱਚ ਅਕਾਦਮਿਕ ਸਾਲ 2010-11 ਤੋਂ ਰਾਜ ਦੇ ਸਮੂਹ ਸਕੂਲਾਂ ਵਿੱਚ ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾਣੀ ਹੈ ਜਿਸ ਅਧੀਨ 30% ਅੰਕ ਨਿਰੰਤਰ ਸਰਵਪੱਖੀ ਮੁਲਾਂਕਣ (Continuous Comprehensive Evaluation) (ਸੀ.ਸੀ.ਈ.) ਲਈ ਨਿਰਧਾਰਿਤ ਕੀਤੇ ਗਏ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੀ.ਸੀ.ਈ. ਦਾ ਮੌਡਿਊਲ ਤਿਆਰ ਕਰਨ ਸਬੰਧੀ ਇੱਕ ਸਬ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਚੇਅਰਮੈਨ ਸ. ਅਵਤਾਰ ਸਿੰਘ ਸਾਬਕਾ ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ ਨੂੰ ਇਸ ਮੈਡਿਊਲ ਨੂੰ ਤਿਆਰ ਕਰਨ ਹਿੱਤ ਨਿਯੁਕਤ ਕੀਤਾ ਗਿਆ।

ਸੀ.ਸੀ.ਈ. ਦੇ 30 ਅੰਕਾਂ ਨੂੰ ਆਧਾਰ ਮੰਨਦੇ ਹੋਏ ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਸਮੈਸਟਰਵਾਰ ਅਤੇ ਵਿਸ਼ਾਵਾਰ ਹੇਠ ਦਰਸਾਏ ਅਨੁਸਾਰ ਇੱਕ ਸਾਂਝਾ ਮੌਡਿਊਲ ਤਿਆਰ ਕੀਤਾ ਗਿਆ ਹੈ ਪਰੰਤੂ ਵੱਖ-ਵੱਖ ਵਿਸ਼ਿਆਂ ਲਈ ਸੀ.ਸੀ.ਈ. ਲਈ ਵੱਖ-ਵੱਖ ਅੰਕ ਨਿਰਧਾਰਿਤ ਹੋਣ ਕਾਰਣ ਅਧਿਆਪਕਾਂ ਵੱਲੋਂ ਆਪਣੇ ਵਿਸ਼ੇ ਦੇ ਅੰਕਾਂ ਅਨੁਸਾਰ ਸੀ.ਸੀ.ਈ. ਦੇ ਅੰਕ Proportionately Compute ਕੀਤੇ ਜਾਣਗੇ।

## ਸਮੈਸਟਰਵਾਰ ਅੰਕ ਵੰਡ

ਸੀ.ਸੀ.ਈ. ਸਕੀਮ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਲਈ ਅਤੇ ਵਿਦਿਅਕ ਗਤੀਵਿਧੀਆਂ ਤੇ ਆਧਾਰਿਤ ਕਰਨ ਹਿੱਤ ਸੀ. ਸੀ. ਈ. ਦੇ 30 ਅੰਕਾਂ ਦੀ ਵਿਸ਼ਾਵਾਰ ਵੰਡ ਹੇਠ ਲਿਖੇ ਅਨੁਸਾਰ ਤਜਵੀਜ ਕੀਤੀ ਜਾਂਦੀ ਹੈ।

| | | |
|---|---|---|
| 1. | ਅਕਾਦਮਿਕ ਪ੍ਰਾਪਤੀਆਂ | 20 ਅੰਕ |
| 2. | ਹਾਜ਼ਰੀ | 1 ਅੰਕ |
| 3. | ਵਿਦਿਆਰਥੀ ਦਾ ਆਮ ਵਿਵਹਾਰ ਅਤੇ ਅਨੁਸ਼ਾਸਨ | 1 ਅੰਕ |
| 4. | ਅਸਾਈਨਮੈਂਟ/ਪ੍ਰੋਜੈਕਟ ਵਰਕ/ਹੋਮਵਰਕ | 3 ਅੰਕ |
| 5. | ਸਹਿ ਅਕਾਦਮਿਕ ਕਿਰਿਆਵਾਂ | 5 ਅੰਕ |
| | ਕੁੱਲ ਅੰਕ | 30 ਅੰਕ |

## ਮੁਲਾਂਕਣ ਵਿਧੀ

ਉਪਰੋਕਤ ਸਮੂਹ ਪ੍ਰਾਪਤੀਆਂ ਅਤੇ ਗਤੀਵਿਧੀਆਂ ਦਾ ਮੁਲਾਂਕਣ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ।

**ਅਕਾਦਮਿਕ ਪ੍ਰਾਪਤੀਆਂ 20 ਅੰਕ**

i. ਪਹਿਲੇ ਸਮੈਸਟਰ ਵਿੱਚ ਡੀ.ਜੀ.ਐਸ.ਈ. ਪੰਜਾਬ ਵੱਲੋਂ ਜਾਰੀ ਵਿਦਿਅਕ ਕੈਲੰਡਰ ਵਿੱਚ ਦਰਸਾਈਆਂ ਮਿਤੀਆਂ ਅਨੁਸਾਰ 3 ਮਹੀਨਾਵਾਰ ਟੈਸਟ ਮਈ, ਜੁਲਾਈ ਅਤੇ ਅਗਸਤ ਵਿੱਚ ਲਏ ਜਾਣਗੇ ਅਤੇ ਇੱਕ ਪ੍ਰੀ-ਸਮੈਸਟਰ ਪ੍ਰੀਖਿਆ ਅਗਸਤ ਦੇ ਅਖੀਰੀ ਹਫ਼ਤੇ ਵਿੱਚ ਲਈ ਜਾਵੇਗੀ।

ii. 2● ਅੰਕਾਂ ਵਿੱਚੋਂ ਹਰੇਕ ਮਹੀਨਾਵਾਰ ਟੈਸਟ ਨੂੰ 4 ਅੰਕਾਂ ਦੀ ਵੇਟੇਜ (ਕੁੱਲ 12 ਅੰਕ) ਅਤੇ ਪ੍ਰੀ-ਸਮੈਸਟਰ ਪ੍ਰੀਖਿਆ ਨੂੰ 8 ਅੰਕਾਂ ਦੀ ਵੇਟੇਜ ਦਿੱਤੀ ਜਾਵੇਗੀ।

| | |
|---|---|
| i. ਤਿੰਨ ਮਹੀਨਾਵਾਰ ਟੈਸਟ-ਹਰੇਕ ਟੈਸਟ ਦੇ 4 ਅੰਕ | 12 ਅੰਕ |
| ii. ਪ੍ਰੀ-ਸਮੈਸਟਰ ਪ੍ਰੀਖਿਆ | 8 ਅੰਕ |
| ਕੁੱਲ ਅੰਕ | 2● ਅੰਕ |

**ਦੂਸਰਾ ਸਮੈਸਟਰ 2● ਅੰਕ**

1. ਦੂਸਰੇ ਸਮੈਸਟਰ ਵਿੱਚ 4 ਮਹੀਨਾਵਾਰ ਟੈਸਟ ਡੀ.ਜੀ.ਐਸ.ਈ. ਪੰਜਾਬ ਵੱਲੋਂ ਜਾਰੀ ਵਿਦਿਅਕ ਕੈਲੰਡਰ ਅਨੁਸਾਰ ਅਕਤੂਬਰ, ਨਵੰਬਰ, ਦਸੰਬਰ ਅਤੇ ਜਨਵਰੀ ਮਹੀਨੇ ਵਿੱਚ ਲਏ ਜਾਣਗੇ ਅਤੇ ਪ੍ਰੀ-ਸਮੈਸਟਰ ਪ੍ਰੀਖਿਆ ਫ਼ਰਵਰੀ ਦੇ ਦੂਸਰੇ ਹਫ਼ਤੇ ਵਿੱਚ ਲਈ ਜਾਵੇਗੀ।

2. 2● ਅੰਕਾਂ ਵਿੱਚੋਂ ਹਰੇਕ ਮਹੀਨਾਵਾਰ ਟੈਸਟ ਨੂੰ 3 ਅੰਕਾਂ ਦੀ ਵੇਟੇਜ (ਕੁੱਲ 12 ਅੰਕ) ਅਤੇ ਪ੍ਰੀ-ਸਮੈਸਟਰ ਪ੍ਰੀਖਿਆ ਨੂੰ 8 ਅੰਕਾਂ ਦੀ ਵੇਟੇਜ ਦਿੱਤੀ ਜਾਵੇਗੀ।

| | |
|---|---|
| i. ਚਾਰ ਮਹੀਨਾਵਾਰ ਟੈਸਟ-ਹਰੇਕ ਟੈਸਟ ਦੇ 3 ਅੰਕ | 12 ਅੰਕ |
| ii. ਪ੍ਰੀ-ਸਮੈਸਟਰ ਪ੍ਰੀਖਿਆ | 8 ਅੰਕ |
| ਕੁੱਲ ਅੰਕ | 2● ਅੰਕ |

2. **ਸਕੂਲ ਵਿੱਚ ਹਾਜ਼ਰੀ :** **1 ਅੰਕ (ਪ੍ਰਤੀ ਸਮੈਸਟਰ)**

(ਵਿਦਿਆਰਥੀ ਨੂੰ ਸਕੂਲ ਵਿੱਚ 85% ਜਾਂ ਇਸ ਤੋਂ ਵੱਧ ਹਾਜ਼ਰੀਆਂ ਹੋਣ ਤੇ 1 ਅੰਕ ਦਿੱਤਾ ਜਾਵੇਗਾ)

3. **ਆਮ ਵਿਵਹਾਰ ਅਤੇ ਅਨੁਸ਼ਾਸਨ :** **1 ਅੰਕ (ਪ੍ਰਤੀ ਸਮੈਸਟਰ)**

(ਵਿਦਿਆਰਥੀ ਦਾ ਅਧਿਆਪਕ, ਸਹਿਪਾਠੀਆਂ ਅਤੇ ਸਕੂਲ ਵਾਤਾਵਰਨ ਪ੍ਰਤੀ ਵਿਵਹਾਰ)

4. **ਅਸਾਈਨਮੈਂਟ/ਪ੍ਰੋਜੈਕਟ ਵਰਕ/ਹੋਮ ਵਰਕ : 3 ਅੰਕ (ਪ੍ਰਤੀ ਸਮੈਸਟਰ)**

(ਅਧਿਆਪਕ ਵਿਦਿਆਰਥੀਆਂ ਕੋਲੋਂ ਘੱਟੋਂ-ਘੱਟ 3 ਅਸਾਈਨਮੈਂਟ/ਪ੍ਰੋਜੈਕਟ ਪ੍ਰਤੀ ਸਮੈਸਟਰ ਤਿਆਰ ਕਰਵਾਏਗਾ) ਵਿਦਿਆਰਥੀ ਵੱਲੋਂ ਸਮਾਂ ਬੱਧ ਤਰੀਕੇ ਨਾਲ ਹੋਮਵਰਕ ਕਰਨ ਤੇ ਲੋੜੀਂਦੀ ਵੇਟੇਜ ਦਿੱਤੀ ਜਾਵੇ।

5. **ਸਹਿ ਅਕਾਦਮਿਕ ਪੱਖ : 5 ਅੰਕ (ਪ੍ਰਤੀ ਸਮੈਸਟਰ)**

(ਖੇਡਾਂ/ਸਾਇੰਸ ਪ੍ਰਦਰਸ਼ਨੀ/ਸਾਇੰਸਡਰਾਮਾ/ਸਾਇੰਸ ਸੈਮੀਨਾਰ/ਐਨ.ਸੀ.ਸੀ./ਐਨ.ਐਸ.ਐਸ./ਗਰਲ ਗਾਈਡ/ ਸਕਾਉਟਿੰਗ/ ਬੋਰਡ ਵੱਲੋਂ ਕਰਵਾਏ ਜਾਂਦੇ ਵਿਦਿਅਕ ਮੁਕਾਬਲੇ ਵਾਤਾਵਰਨ ਸੁੱਰਖਿਆ/ਰੁੱਖ ਲਗਾਉਣੇ/ ਰਾਸ਼ਟਰੀ, ਧਾਰਮਿਕ ਅਤੇ ਸਮਾਜਿਕ ਮੇਲੇ ਆਦਿ। ਵਿਦਿਆਰਥੀ ਵੱਲੋਂ ਉਪਰੋਕਤ ਸਹਿ-ਅਕਾਦਮਿਕ ਕ੍ਰਿਆਵਾਂ ਵਿੱਚੋਂ ਘੱਟੋਂ-ਘੱਟ ਇੱਕ ਵਿੱਚ ਭਾਗ ਲੈਣ ਤੇ ਹੇਠ ਲਿਖੇ ਅਨੁਸਾਰ ਅੰਕ ਦਿੱਤੇ ਜਾਣ।

## ਸਹਿ ਅਕਾਦਮਿਕ ਪੱਖਾਂ ਸੰਬੰਧੀ ਅੰਕ ਵੰਡ

| | | |
|---|---|---|
| i. | ਕੌਮੀ/ਰਾਜ ਪੱਧਰ | 5 ਅੰਕ |
| ii. | ਜ਼ਿਲਾ ਪੱਧਰ | 4 ਅੰਕ |
| iii. | ਤਹਿਸੀਲ ਪੱਧਰ | 3 ਅੰਕ |
| iv. | ਸਕੂਲ ਪੱਧਰ | 2 ਅੰਕ |

## ਨੋਟ

1. ਸੀ.ਸੀ.ਈ. ਦੇ ਮੁਲਾਂਕਣ ਲਈ ਸਕੂਲ ਪੱਧਰ ਤੇ ਇੱਕ ਕਮੇਟੀ ਗਠਿਤ ਕੀਤੀ ਜਾਵੇਗੀ ਜਿਸ ਦਾ ਇੰਚਾਰਜ ਸਕੂਲ ਮੁੱਖੀ ਹੋਵੇਗਾ। ਸ਼੍ਰੇਣੀ ਇੰਚਾਰਜ ਅਤੇ ਵਿਸ਼ਾ ਅਧਿਆਪਕ ਉਸ ਦੇ ਮੈਂਬਰ ਹੋਣਗੇ। ਵਿਦਿਆਰਥੀਆਂ ਨੂੰ ਸੀ. ਸੀ. ਈ. ਸਬੰਧੀ ਅੰਕ ਦੇਣ ਦੀ ਨਿਰੋਲ ਜ਼ਿੰਮੇਵਾਰੀ ਉਪਰੋਕਤ ਕਮੇਟੀ ਦੀ ਹੋਵੇਗੀ।
2. ਸੀ.ਸੀ.ਈ. ਸਬੰਧੀ ਵਿਦਿਆਰਥੀਆਂ ਨੂੰ ਦਿੱਤੇ ਅੰਕਾਂ ਦਾ ਰਿਕਾਰਡ ਸਕੂਲ ਵੱਲੋਂ ਹਰੇਕ ਸਮੈਸਟਰ ਖਤਮ ਹੋਣ ਤੋਂ ਇੱਕ ਸਾਲ ਤੱਕ ਸੁੱਰਖਿਅਤ ਰੱਖਿਆ ਜਾਵੇਗਾ। ਬੋਰਡ/ਸਿੱਖਿਆ ਵਿਭਾਗ ਵੱਲੋਂ ਕਿਸੇ ਸਮੇਂ ਵੀ ਇਸ ਦਾ ਨਿਰੀਖਣ ਕੀਤਾ ਜਾਵੇਗਾ।
3. ਪ੍ਰੀ-ਸਮੈਸਟਰ ਪ੍ਰੀਖਿਆ ਦਾ ਨਤੀਜਾ ਪ੍ਰੀਖਿਆ ਖਤਮ ਹੋਣ ਤੋਂ 3 ਦਿਨ ਦੇ ਅੰਦਰ ਵਿਦਿਆਰਥੀਆਂ ਨੂੰ ਦਿੱਤਾ ਜਾਵੇ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਵਿਸ਼ਾਵਾਰ ਅਕਾਦਮਿਕ ਔਕੜਾਂ ਦਾ ਹੱਲ ਕੀਤਾ ਜਾਵੇ।

**SEMESTER WISE DISTRIBUTION OF MARKS IN VARIOUS SUBJECTS**
**(SENIOR SECONDARY EXAMINATION CLASS-XII)**
**ACADEMIC STREAM**

| | Semester-I | | | | Semester-II | | | |
|---|---|---|---|---|---|---|---|---|
| **Subject** | **Th.** | **Pr.** | **C.C.E./ Int. Ass.** | **Total** | **Th.** | **Pr.** | **C.C.E./ Int. Ass.** | **Total** |
| General English | 70 | - | 30 | 100 | 70 | - | 30 | 100 |
| General Punjabi | 70 | - | 30 | 100 | 70 | - | 30 | 100 |
| Punjab History and Culture | 70 | - | 30 | 100 | 70 | - | 30 | 100 |
| Environment Education | 35 | 15 | - | 50 | 35 | 15 | - | 50 |
| Computer Science | 50 | 50 | - | 100 | 50 | 50 | - | 100 |
| Punjabi (Elective) | 70 | - | 10 | 80 | 100 | - | 20 | 120 |
| Hindi | 70 | - | 10 | 80 | 100 | - | 20 | 120 |
| English (Elective) | 70 | - | 10 | 80 | 100 | - | 20 | 120 |
| Urdu | 70 | - | 10 | 80 | 100 | - | 20 | 120 |
| Sanskrit | 70 | - | 10 | 80 | 100 | - | 20 | 120 |
| Arabic | 70 | - | 10 | 80 | 100 | - | 20 | 120 |
| Persian | 70 | - | 10 | 80 | 100 | - | 20 | 120 |
| French | 70 | - | 10 | 80 | 75 | 25 | 20 | 120 |
| German | 70 | - | 10 | 80 | 75 | 25 | 20 | 120 |
| Russian | 70 | - | 10 | 80 | 75 | 25 | 20 | 120 |
| Korean | 70 | - | 10 | 80 | 75 | 25 | 20 | 120 |

| Subject | Semester-I | | | | Semester-II | | | |
|---|---|---|---|---|---|---|---|---|
| | **Th.** | **Pr.** | **C.C.E./ Int. Ass.** | **Total** | **Th.** | **Pr.** | **C.C.E./ Int. Ass.** | **Total** |
| History | 70 | - | 10 | 80 | 100 | - | 20 | 120 |
| Economics | 70 | - | 10 | 80 | 100 | - | 20 | 120 |
| Mathematics | 70 | - | 10 | 80 | 100 | - | 20 | 120 |
| Business Organisation and Management | 70 | - | 10 | 80 | 100 | - | 20 | 120 |
| Book-Keeping and Accountancy | 70 | - | 10 | 80 | 100 | - | 20 | 120 |
| Political Science | 70 | - | 10 | 80 | 100 | - | 20 | 120 |
| Sociology | 70 | - | 10 | 80 | 100 | - | 20 | 120 |
| Public Administration | 70 | - | 10 | 80 | 100 | - | 20 | 120 |
| Religion | 70 | - | 10 | 80 | 100 | - | 20 | 120 |
| Music (Vocal) | 50 | 20 | 10 | 80 | 50 | 50 | 20 | 120 |
| Gurmat Sangeet | 50 | 20 | 10 | 80 | 50 | 50 | 20 | 120 |
| Music (Instrumental) | 50 | 20 | 10 | 80 | 50 | 50 | 20 | 120 |
| Music (Tabla) | 50 | 20 | 10 | 80 | 50 | 50 | 20 | 120 |
| Dance | 50 | 20 | 10 | 80 | 50 | 50 | 20 | 120 |
| Philosophy | 70 | - | 10 | 80 | 100 | - | 20 | 120 |
| Education | 70 | - | 10 | 80 | 100 | - | 20 | 120 |
| Geography | 70 | - | 10 | 80 | 70 | 30 | 20 | 120 |
| Defence Studies | 70 | - | 10 | 80 | 70 | 30 | 20 | 120 |

| Subject | Semester-I | | | | Semester-II | | | |
|---|---|---|---|---|---|---|---|---|
| | **Th.** | **Pr.** | **C.C.E./ Int. Ass.** | **Total** | **Th** | **Pr.** | **C.C.E./ Int. Ass.** | **Total** |
| Psychology | 70 | - | 10 | 80 | 70 | 30 | 20 | 120 |
| Home Science (Only for Girls) | 50 | 20 | 10 | 80 | 50 | 50 | 20 | 120 |
| Modelling and Sculpture | - | 70 | 10 | 80 | - | 100 | 20 | 120 |
| Geometrical Perspective and Architectural Drawing | 70 | - | 10 | 80 | 100 | - | 20 | 120 |
| Commercial Art | - | 70 | 10 | 80 | - | 100 | 20 | 120 |
| Drawing and Painting | - | 70 | 10 | 80 | - | 100 | 20 | 120 |
| History and Appreciation of Art | 70 | - | 10 | 80 | 100 | - | 20 | 120 |
| Insurance | 70 | - | 10 | 80 | 100 | - | 20 | 120 |
| Rural Development and Environment | 70 | - | 10 | 80 | 100 | - | 20 | 120 |
| Physics | 70 | - | 10 | 80 | 70 | 30 | 20 | 120 |
| Chemistry | 70 | - | 10 | 80 | 70 | 30 | 20 | 120 |
| Biology | 70 | - | 10 | 80 | 70 | 30 | 20 | 120 |
| Geology | 70 | - | 10 | 80 | 70 | 30 | 20 | 120 |
| Computer Application | 70 | - | 10 | 80 | 70 | 30 | 20 | 120 |
| Elements of Electronic Engineering | 40 | 30 | 10 | 80 | 40 | 60 | 20 | 120 |

| Subject | Semester-I | | | | Semester-II | | | |
|---|---|---|---|---|---|---|---|---|
| | Th. | Pr. | Int. Ass. | Total | Th. | Pr. | Int.Ass. | Total |
| Biotechnology | 70 | - | 10 | 80 | 70 | 30 | 20 | 120 |
| Business Studies-II | 60 | - | 10 | 70 | 65 | - | 15 | 80 |
| Accountancy-II | 55 | - | 10 | 65 | 55 | 20 | 10 | 85 |
| Business Economics and Quantitative Methods-II | 60 | - | 10 | 70 | 65 | - | 15 | 85 |
| Fundamentals of e-Business | 50 | - | 10 | 60 | 50 | 25 | 15 | 90 |
| Agriculture | 70 | - | 10 | 80 | 70 | 30 | 20 | 120 |
| Physical Education & Sports | 35 | 50 | 10 | 95 | 35 | 50 | 10 | 95 |